# ਤੁਹਾਡੇ ਬੱਚੇ ਦਾ ਟੀਕਾਕਰਨ ਕਰਵਾਉਣ ਦੇ ਲਾਭ

## The benefits of immunizing your child

**ਆਪਣੇ ਬੱਚੇ ਨੂੰ ਸੁਰੱਖਿਅਤ ਰੱਖੋ।**
**ਸਾਰੀਆਂ ਵੈਕਸੀਨਾਂ ਸਮੇਂ ਸਿਰ ਲਗਵਾਓ।**

ਸਮੇਂ ਸਿਰ ਸਾਰੀਆਂ ਵੈਕਸੀਨਾਂ ਪ੍ਰਾਪਤ ਕਰਕੇ, ਤੁਹਾਡੇ ਬੱਚੇ ਨੂੰ ਉਨ੍ਹਾਂ ਦੇ ਜੀਵਨ ਕਾਲ ਦੌਰਾਨ ਬਹੁਤ ਸਾਰੀਆਂ ਬਿਮਾਰੀਆਂ ਤੋਂ ਸੁਰੱਖਿਅਤ ਰੱਖਿਆ ਜਾ ਸਕਦਾ ਹੈ।

ਟੀਕਾਕਰਨ ਨੇ ਪਿਛਲੇ 50 ਸਾਲਾਂ ਵਿੱਚ ਕੈਨੇਡਾ ਵਿੱਚ ਹੋਰ ਕਿਸੇ ਵੀ ਸਿਹਤ ਉਪਾਅ ਨਾਲੋਂ ਵਧੇਰੇ ਜਾਨਾਂ ਬਚਾਈਆਂ ਹਨ।

ਵੈਕਸੀਨਾਂ ਬੱਚਿਆਂ ਨੂੰ ਗੰਭੀਰ ਬਿਮਾਰੀ, ਅਪੰਗਤਾ ਅਤੇ ਮੌਤ ਤੋਂ ਬਚਾਉਂਦੀਆਂ ਹਨ। ਆਪਣੇ ਬੱਚਿਆਂ ਨੂੰ ਸਾਰੀਆਂ ਵੈਕਸੀਨਾਂ ਸਮੇਂ ਸਿਰ ਲਗਵਾਉਣਾ ਯਕੀਨੀ ਬਣਾਓ।

### ਕੀ ਮੇਰੇ ਬੱਚੇ ਦਾ ਟੀਕਾਕਰਨ ਕਰਵਾਉਣਾ ਦੂਜਿਆਂ ਦੀ ਰੱਖਿਆ ਕਰਦਾ ਹੈ?

ਹਾਂ। ਜੇਕਰ ਤੁਹਾਡਾ ਬੱਚਾ ਕਿਸੇ ਬਿਮਾਰੀ ਤੋਂ ਸੁਰੱਖਿਅਤ ਹੈ, ਤਾਂ ਤੁਹਾਡਾ ਬੱਚਾ ਬਿਮਾਰ ਨਹੀਂ ਹੋ ਸਕਦਾ ਅਤੇ ਦੂਜਿਆਂ ਨੂੰ ਸੰਕਰਮਿਤ ਨਹੀਂ ਕਰ ਸਕਦਾ। ਤੁਹਾਡੇ ਬੱਚੇ ਦਾ ਟੀਕਾਕਰਨ ਕਰਵਾਉਣ ਨਾਲ ਇਹਨਾਂ ਦੀ ਰੱਖਿਆ ਕਰਨ ਵਿੱਚ ਮਦਦ ਹੋਵੇਗੀ:

- ਤੁਹਾਡਾ ਪਰਿਵਾਰ, ਦੋਸਤ ਅਤੇ ਗੁਆਂਢੀ
- ਛੋਟੇ ਬੱਚੇ
- ਬਜ਼ੁਰਗ
- ਕੈਂਸਰ ਵਰਗੀਆਂ ਬਿਮਾਰੀਆਂ ਜਾਂ ਹੋਰ ਡਾਕਟਰੀ ਸਥਿਤੀਆਂ ਵਾਲੇ ਲੋਕ

### ਵੈਕਸੀਨਾਂ ਮੇਰੇ ਬੱਚੇ ਦੀ ਰੱਖਿਆ ਕਿਵੇਂ ਕਰਦੀਆਂ ਹਨ?

ਵੈਕਸੀਨਾਂ ਉਨ੍ਹਾਂ ਬਿਮਾਰੀਆਂ ਨੂੰ ਰੋਕਦੀਆਂ ਹਨ ਜੋ ਜੀਵਨ ਭਰ ਦਾ ਨੁਕਸਾਨ ਕਰ ਸਕਦੀਆਂ ਹਨ। ਉਦਾਹਰਣ ਵਜੋਂ, ਮੈਨਿੰਜੋਕੋਕਲ ਬਿਮਾਰੀ ਦਿਮਾਗ ਨੂੰ ਨੁਕਸਾਨ, ਗੁਰਦਿਆਂ ਨੂੰ ਨੁਕਸਾਨ, ਬੋਲ਼ੇਪਣ ਅਤੇ ਅੰਗਾਂ ਦਾ ਨੁਕਸਾਨ ਦਾ ਕਾਰਨ ਬਣ ਸਕਦੀ ਹੈ। ਇਸ ਬਿਮਾਰੀ ਤੋਂ ਪੀੜਤ 10 ਲੋਕਾਂ ਵਿੱਚੋਂ 1 ਦੀ ਮੌਤ ਹੋ ਜਾਵੇਗੀ। ਵੈਕਸੀਨਾਂ ਤੁਹਾਡੇ ਬੱਚੇ ਨੂੰ ਕਈ ਬਿਮਾਰੀਆਂ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਾਉਂਦੀਆਂ ਹਨ।

### ਕੀ ਵੈਕਸੀਨਾਂ ਹੁਣ ਅਤੇ ਭਵਿੱਖ ਵਿੱਚ ਮੇਰੇ ਬੱਚੇ ਦੀ ਰੱਖਿਆ ਕਰਨਗੀਆਂ?

ਹਾਂ, ਵੈਕਸੀਨਾਂ ਹੁਣ ਅਤੇ ਭਵਿੱਖ ਵਿੱਚ ਤੁਹਾਡੇ ਬੱਚੇ ਦੀ ਰੱਖਿਆ ਕਰਨਗੀਆਂ। ਤੁਹਾਡਾ ਬੱਚਾ ਹਰ ਰੋਜ਼ ਕੀਟਾਣੂਆਂ ਦੇ ਸੰਪਰਕ ਵਿੱਚ ਆਉਂਦਾ ਹੈ। ਕੀਟਾਣੂ ਭੀੜ-ਭੜੱਕੇ ਵਾਲੀਆਂ ਥਾਵਾਂ ਵਿਖੇ ਆਸਾਨੀ ਨਾਲ ਫੈਲ ਸਕਦੇ ਹਨ, ਜਿਸ ਵਿੱਚ ਸ਼ਾਮਲ ਹਨ:

- ਡੇਅਕੇਅਰ ਜਾਂ ਪ੍ਰੀਸਕੂਲ
- ਸਕੂਲ, ਕਾਲਜ ਜਾਂ ਯੂਨੀਵਰਸਿਟੀ
- ਡਾਕਟਰ ਦੇ ਦਫ਼ਤਰ ਵਿੱਚ ਵੇਟਿੰਗ ਰੂਮ
- ਕਮਿਊਨਿਟੀ ਸੈਂਟਰ, ਕੌਂਸਰਟ ਜਾਂ ਸਮਾਰੋਹ
- ਸਮਰ ਕੈਂਪ
- ਬੱਸ ਜਾਂ ਹਵਾਈ ਜਹਾਜ਼
- ਕੈਨੇਡਾ ਤੋਂ ਬਾਹਰਲੇ ਦੇਸ਼

### ਕੀ ਵੈਕਸੀਨਾਂ ਸੁਰੱਖਿਅਤ ਹਨ?

ਹਾਂ, ਵੈਕਸੀਨਾਂ ਬਹੁਤ ਸੁਰੱਖਿਅਤ ਹੁੰਦੀਆਂ ਹਨ। ਵੈਕਸੀਨਾਂ ਲਗਵਾਉਣਾ ਉਸ ਬਿਮਾਰੀ ਦਾ ਸ਼ਿਕਾਰ ਹੋਣ ਨਾਲੋਂ ਸੁਰੱਖਿਅਤ ਹੈ ਜਿਸ ਤੋਂ ਉਹ ਬਚਾਉਂਦੀ ਹੈ। ਇਹ ਕੁਝ ਗੱਲਾਂ ਹਨ ਜੋ ਤੁਹਾਨੂੰ ਵੈਕਸੀਨਾਂ ਬਾਰੇ ਜਾਣਨੀਆਂ ਚਾਹੀਦੀਆਂ ਹਨ:

- ਵੈਕਸੀਨ ਤੋਂ ਗੰਭੀਰ ਗੌਣ ਪ੍ਰਭਾਵ ਬਹੁਤ ਵਿਰਲੇ ਹੁੰਦੇ ਹਨ
- ਸਭ ਤੋਂ ਆਮ ਗੌਣ ਪ੍ਰਭਾਵ ਬਾਂਹ ਜਾਂ ਲੱਤ, ਜਿੱਥੇ ਵੈਕਸੀਨ ਲਗਾਈ ਜਾਂਦੀ ਹੈ, ਵਿੱਚ ਦਰਦ ਅਤੇ ਹਲਕਾ ਬੁਖਾਰ ਜੋ ਕੁਝ ਦਿਨਾਂ ਤੱਕ ਰਹਿ ਸਕਦਾ ਹੈ, ਹਨ। ਵੈਕਸੀਨ ਲਗਵਾਉਣ ਵਾਲੇ ਅੱਧੇ ਬੱਚਿਆਂ ਤੱਕ ਨੂੰ ਇਹਨਾਂ ਗੌਣ ਪ੍ਰਭਾਵਾਂ ਦਾ ਅਨੁਭਵ ਹੋ ਸਕਦਾ ਹੈ
- ਬੁਖਾਰ ਵਾਲੇ ਬੱਚਿਆਂ ਨੂੰ ਦੌਰਾ ਪੈ ਸਕਦਾ ਹੈ, ਪਰ ਇਹ ਬਹੁਤ ਘੱਟ ਹੁੰਦਾ ਹੈ। ਇਹ ਦੌਰੇ ਆਮ ਤੌਰ 'ਤੇ ਨੁਕਸਾਨਦੇਹ ਨਹੀਂ ਹੁੰਦੇ। ਫੈਬਰਿਲ ਦੌਰੇ (febrile seizures), ਜਿਨ੍ਹਾਂ ਨੂੰ ਬੁਖ਼ਾਰ ਦੇ ਦੌਰੇ ਵੀ ਕਿਹਾ ਜਾਂਦਾ ਹੈ, ਬਾਰੇ ਹੋਰ ਜਾਣਕਾਰੀ ਲਈ, HealthLinkBC File #112 ਫੈਬਰਿਲ ਦੌਰੇ (ਬੁਖਾਰ ਦੇ ਦੌਰੇ)

ਕੋਈ ਵੀ ਵੈਕਸੀਨ ਲਗਵਾਉਣ ਤੋਂ ਬਾਅਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਮਹੱਤਵਪੂਰਨ ਹੈ। ਐਨਾਫਲਾਕਸਿਸ ਨਾਮ ਦੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕ੍ਰਿਆ ਦੀ ਅਤਿ ਵਿਰਲੀ ਸੰਭਾਵਨਾ ਹੋ ਸਕਦੀ ਹੈ। ਅਜਿਹਾ ਵੈਕਸੀਨ ਪ੍ਰਾਪਤ ਕਰਨ ਵਾਲੇ ਇੱਕ ਮਿਲੀਅਨ ਵਿੱਚੋਂ ਇੱਕ ਤੋਂ ਵੀ ਘੱਟ ਲੋਕਾਂ ਵਿੱਚ ਹੁੰਦਾ ਹੈ। ਲੱਛਣਾਂ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ। ਜੇਕਰ ਇਹ ਪ੍ਰਤੀਕਿਰਿਆ ਹੁੰਦੀ ਹੈ, ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਉਸਦਾ ਇਲਾਜ ਕਰਨ ਲਈ ਤਿਆਰ ਹੈ। ਐਮਰਜੈਂਸੀ ਇਲਾਜ ਵਿੱਚ ਏਪੀਨੇਫ੍ਰਿਨ (ਐਡਰੇਨਲਿਨ) ਦਿੱਤੇ ਜਾਣਾ ਅਤੇ ਐਂਬੂਲੈਂਸ ਦੁਆਰਾ ਨਜ਼ਦੀਕੀ ਐਮਰਜੈਂਸੀ ਵਿਭਾਗ ਵਿੱਚ ਟ੍ਰਾਂਸਫਰ

ਕਰਨਾ ਸ਼ਾਮਲ ਹੈ। ਜੇਕਰ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਅਦ ਲੱਛਣ ਪੈਦਾ ਹੁੰਦੇ ਹਨ, ਤਾਂ **9-1-1** 'ਤੇ ਜਾਂ ਸਥਾਨਕ ਐਮਰਜੈਂਸੀ ਨੰਬਰ 'ਤੇ ਕਾਲ ਕਰੋ।

ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਹਮੇਸ਼ਾ ਗੰਭੀਰ ਜਾਂ ਅਚਾਨਕ ਹੋਣ ਵਾਲੀਆਂ ਪ੍ਰਤੀਕਿਰਿਆਵਾਂ ਦੀ ਰਿਪੋਰਟ ਕਰੋ।

## ਜੇਕਰ ਮੇਰੇ ਬੱਚੇ ਦਾ ਟੀਕਾਕਰਨ ਨਹੀਂ ਕਰਵਾਇਆ ਜਾਂਦਾ ਤਾਂ ਕੀ ਹੋਵੇਗਾ?

ਜਦੋਂ ਜ਼ਿਆਦਾਤਰ ਮਾਤਾ-ਪਿਤਾ ਆਪਣੇ ਬੱਚਿਆਂ ਦਾ ਟੀਕਾਕਰਨ ਕਰਵਾਉਂਦੇ ਹਨ ਤਾਂ ਵੈਕਸੀਨਾਂ ਬਹੁਤ ਵਧੀਆ ਕੰਮ ਕਰਦੀਆਂ ਹਨ। ਪਰੰਤੂ, ਕੁਝ ਮਾਤਾ-ਪਿਤਾ ਨੇ ਆਪਣੇ ਬੱਚਿਆਂ ਦਾ ਟੀਕਾਕਰਨ ਨਾ ਕਰਵਾਉਣ ਦੀ ਚੋਣ ਕੀਤੀ ਹੈ। ਜਦੋਂ ਅਜਿਹਾ ਹੁੰਦਾ ਹੈ, ਤਾਂ ਰੋਕਥਾਮਯੋਗ ਬਿਮਾਰੀਆਂ ਜਲਦੀ ਵਾਪਸ ਆ ਸਕਦੀਆਂ ਹਨ ਅਤੇ ਬਹੁਤ ਸਾਰੇ ਬੱਚੇ ਬਿਮਾਰ ਹੋ ਸਕਦੇ ਹਨ। ਕੁਝ ਬੱਚਿਆਂ ਦੀ ਮੌਤ ਵੀ ਹੋ ਸਕਦੀ ਹੈ। ਇਹ ਕੈਨੇਡਾ, ਇੰਗਲੈਂਡ, ਸਵੀਡਨ, ਜਾਪਾਨ ਅਤੇ ਹੋਰ ਦੇਸ਼ਾਂ ਵਿੱਚ ਹੋਇਆ ਹੈ।

ਯਕੀਨੀ ਬਣਾਓ ਕਿ ਤੁਹਾਡੇ ਬੱਚੇ ਨੂੰ ਸਾਰੀਆਂ ਵੈਕਸੀਨਾਂ ਲਗਾਈਆਂ ਜਾਂਦੀਆਂ ਹਨ ਅਤੇ ਉਹ ਸਮੇਂ ਸਿਰ ਲਗਾਈਆਂ ਜਾਂਦੀਆਂ ਹਨ।

## ਹੋਰ ਜਾਣਕਾਰੀ ਲਈ

ਬਚਪਨ ਦੇ ਟੀਕਾਕਰਨ ਬਾਰੇ ਹੋਰ ਜਾਣਕਾਰੀ ਲਈ, ਇੱਥੇ ਜਾਓ:

- HealthLinkBC File #50a ਤੁਹਾਡੇ ਬੱਚੇ ਦਾ ਇਮਿਊਨ ਸਿਸਟਮ ਅਤੇ ਵੈਕਸੀਨਾਂ
- HealthLinkBC File #50c ਬਚਪਨ ਦੀਆਂ ਵੈਕਸੀਨਾਂ ਸੁਰੱਖਿਅਤ ਹਨ
- HealthLinkBC File #50d ਬਚਪਨ ਦੀਆਂ ਵੈਕਸੀਨਾਂ: ਵੈਕਸੀਨਾਂ ਵਿੱਚ ਕੀ ਹੈ ਅਤੇ ਕਿਉਂ
- HealthLinkBC ਫਾਈਲ #50e ਤੁਹਾਡੇ ਬੱਚੇ ਲਈ ਟੀਕਾਕਰਨ ਦਾ ਬਿਹਤਰ ਤਜਰਬਾ

BC Centre for Disease Control
Provincial Health Services Authority